ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ।

**(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਬਲਾਕ-ਈ, ਐਸ.ਏ.ਐਸ.ਨਗਰ)**

ਪਬਲਿਕ ਨੋਟਿਸ

ਨੰ: 831606 / 10 ਮਿਤੀ: 17-02-2026

1.0 ਸਿੱਖਿਆ ਵਿਭਾਗ ਵੱਲੋਂ ਪੰਜਾਬ ਰਾਜ ਦੇ ਬਾਰਡਰ ਏਰੀਏ ਦੇ ਪ੍ਰਾਇਮਰੀ ਸਕੂਲਾਂ ਵਿੱਚ ਈ ਟੀ ਟੀ ਕਾਡਰ ਦੀਆਂ 1664 ਅਸਾਮੀਆਂ ਭਰਨ ਲਈ ਮਿਤੀ 06-03-2020 ਨੂੰ ਵਿਗਿਆਪਨ ਪ੍ਰਕਾਸਿਤ ਕੀਤਾ ਗਿਆ ਸੀ। ਇਹਨਾਂ ਵਿਗਿਆਪਤ ਕੀਤੀਆਂ ਅਸਾਮੀਆਂ ਵਿੱਚ 700 ਅਸਾਮੀਆਂ ਦਾ ਹੋਰ ਵਾਧਾ ਕਰਦੇ ਹੋਏ (1664+700= 2364) ਮਿਤੀ 23-06-2020 ਨੂੰ ਸੋਧ ਪੱਤਰ ਜਾਰੀ ਕੀਤਾ ਗਿਆ। ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ 2364 ਭਰਤੀ ਅਧੀਨ 849 ਉਮੀਦਵਾਰਾਂ ਦੀ ਪ੍ਰੋਵੀਜਨਲ ਸਿਲੈਕਸ਼ਨ (ਵੇਟਿੰਗ) ਸੂਚੀ ਮਿਤੀ 20-01-2026 ਨੂੰ ਵੈਬਸਾਈਟ ਤੇ ਅਪਲੋਡ ਕੀਤੀ ਗਈ।

2.0 ਉਕਤ ਪ੍ਰੋਵੀਜਨਲ ਸਿਲੈਕਸਨ (ਵੇਟਿੰਗ) ਸੂਚੀ ਵਿਚਲੇ 832 ਯੋਗ ਉਮੀਦਵਾਰਾਂ ਨੂੰ ਆਨਲਾਈਨ ਪੋਰਟਲ ਰਾਹੀਂ ਮਿਤੀ 11-02-2026 ਤੋਂ 15-02-2026 ਤੱਕ ਸਟੇਸ਼ਨ ਚੋਣ ਕਰਵਾਈ ਗਈ ਸੀ। ਜਿਸ ਅਨੁਸਾਰ ਯੋਗ ਉਮੀਦਵਾਰਾਂ ਨੂੰ ਅਲਾਟ ਕੀਤੇ ਸਟੇਸ਼ਨ ਉਨਾਂ ਦੀ ਆਈ.ਡੀ.ਵਿੱਚ ਅਪਲੋਡ ਕਰ ਦਿੱਤੇ ਗਏ ਹਨ। ਯੋਗ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਸ ਜਿਲ੍ਹੇ ਵਿੱਚ ਆਪ ਨੂੰ ਸਟੇਸ਼ਨ ਅਲਾਟ ਹੋਇਆ ਹੈ, ਸਬੰਧਤ ਦਫਤਰ ਜਿਲ੍ਹਾ ਸਿੱਖਿਆ ਅਫਸਰ (ਐਸਿ) ਵਿਖੇ ਮਿਤੀ 19-02-2026 ਨੂੰ ਸਵੇਰੇ 10:00 ਵਜੇ ਪਹੁੰਚ (ਆਈ.ਡੀ.ਪਰੂਫ, ਅਧਾਰ ਕਾਰਡ/ਵੋਟਰ ਕਾਰਡ, ਅਤੇ ਹੋਰ ਸਬੰਧਤ ਦਸਤਾਵੇਜ ਪਰੂਫ ਸਮੇਤ) ਕੇ ਨਿਯੁਕਤੀ ਪੱਤਰ ਲੈਣਾ ਯਕੀਨੀ ਬਣਾਉਣ।

ਸਹਾਇਕ ਡਾਇਰੈਕਟਰ (ਅਮਲਾ-2)